بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.01.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਹਜ਼ਰਤ ਖ਼ਲਾਦ ਬਿਨ ਉਮਰੋ ਬਿਨ ਜਮੂਹ ਅੰਸਾਰੀ, ਹਜ਼ਰਤ ਅਕਬਹ ਬਿਨ ਆਮਰ ਰਜ਼ੀ ਅਲੱਾਹ ਅਨਹੁਮ ਬਦਰੀ ਸਹਾਬਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਦਗੁਣਾ ਦਾ ਇਮਾਨ ਵਧਾਊ ਅਤੇ ਮਨਭਾਉਂਦਾ ਵਰਨਣ**

-------------------------------------------

**ਅਮਰੀਕਾ ਦੀ ਇਕ ਬਹੁਤ ਪੁਰਾਣੀ ਬਜ਼ੁਰਗ ਅਹਮਦੀ ਸਿਸਟਰ ਆਲੀਆ ਸ਼ਹੀਦ ਸਾਹਿਬਾ ਸੁਪਤਨੀ ਮੁਕਰੱਮ ਅਹਮਦ ਸ਼ਹੀਦ ਸਾਹਬ ਮਰਹੂਮ ਦੇ ਸਦਗੁਣਾ ਦਾ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਜਨਵਰੀ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਖ਼ਲਾਦ ਬਿਨ ਉਮਰੋ ਬਿਨ ਜਮੂਹ ਅੰਸਾਰੀ ਸਹਾਬੀ ਸਨ ਅਤੇ ਬਦਰੀ ਸਹਾਬਾ ਵਿੱਚ ਸ਼ਾਮਲ ਸਨ । ਆਪ ਆਪਣੇ ਪਿਤਾ ਹਜ਼ਰਤ ਉਮਰੋ ਬਿਨ ਜਮੂਹ ਅਤੇ ਭਰਾਵਾਂ ਹਜ਼ਰਤ ਮਆਜ਼, ਹਜ਼ਰਤ ਅਬੂ ਐਮਨ ਅਤੇ ਹਜ਼ਰਤ ਮਊਜ਼ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਬਦਰ ਦੀ ਜੰਗ ਲਈ ਚਲਦਿਆਂ ਹੋਇਆਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਲਸ਼ਕਰ ਦੇ ਨਾਲ ਮਦੀਨਿ ਤੋਂ ਬਾਹਰ ਇਕ ਥਾਂ ਸਕਯਾ ਨਾਂ ਦੀ ਥਾਂ ਦੇ ਨੇੜੇ ਪੜਾਅ ਕੀਤਾ ।

ਹਜ਼ਰਤ ਖ਼ਲਾਦ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਸੀਕਾ ਦਾ ਨਾਂ ਬਦਲਕੇ ਸਕਯਾ ਰੱਖ ਦਿਤੱਾ ਸੀ । ਮੇਰੇ ਮਨ ਵਿੱਚ ਇਹ ਇਛੱਾ ਸੀ ਕਿ ਮੈਂ ਇਹ ਥਾਂ ਖ਼ਰੀਦ ਲਿਆਂ । ਪਰ ਮੈਥੋਂ ਪਹਿਲਾਂ ਹੀ ਹਜ਼ਰਤ ਸਾਅਦ ਬਿਨ ਅਬੀ ਵਕਾਸ ਨੇ ਇਸ ਨੂੰ ਦੋ ਊਠਾਂ ਬਦਲੇ ਖ਼ਰੀਦ ਲਿਆ । ਜੱਦ ਹਜ਼ਰਤ

ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਇਸ ਗੱਲ ਦੀ ਚਰਚਾ ਹੋਈ ਤਾਂ ਆਪਨੇ ਫ਼ਰਮਾਇਆ ਕਿ ਇਸ ਦਾ ਸੌਦਾ ਬਹੁਤ ਹੀ ਲਾਭ ਵਾਲਾ ਹੈ ।

ਖ਼ਲਾਦ ਤੇ ਆਪਦੇ ਪਿਤਾ ਹਜ਼ਰਤ ਉਮੱਰੋ ਬਿਨ ਜਮੂਹ ਅਤੇ ਹਜ਼ਰਤ ਅਬੂ ਐਮਨ ਤਿੰਨੇ ਹੀ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ ਸਨ ਅਤੇ ਸ਼ਹੀਦੀ ਨੂੰ ਪ੍ਰਾਪਤ ਹੋਏ ਸਨ । ਹਜ਼ਰਤ ਖ਼ਲਾਦ ਦੇ ਪਿਤਾ ਹਜ਼ਰਤ ਜਮੂਹ ਬਾਰੇ ਆਉਂਦਾ ਹੈ ਕਿ ਬਦਰ ਦੀ ਜੰਗ ਸਮੇਂ ਜੱਦ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਜਿਹਾਦ ਦੀ ਤਹਿਰੀਕ ਕੀਤੀ ਤਾਂ ਉਮੱਰੋ ਦੇ ਪੈਰ੍ਹਾਂ ਵਿੱਚ ਕਸ਼ਟ ਹੋਣ ਕਰਕੇ ਇਹਨਾਂ ਦੇ ਪੁਤੱਰਾਂ ਨੇ ਇਹਨਾਂ ਨੂੰ ਜੰਗ ਵਿੱਚ ਸ਼ਾਮਲ ਹੋਣ ਤੋਂ ਰੋਕ ਦਿਤੱਾ । ਪਰ ਜੱਦ ਉਹਦ ਦੀ ਜੰਗ ਦਾ ਮੌਕਾ ਆਇਆ ਤਾਂ ਉਮੱਰੋ ਆਪਣੇ ਪੁਤੱਰਾਂ ਨੂੰ ਕਹਿਣ ਲੱਗੇ ਕਿ ਤੁਸੀਂ ਲੋਕਾਂ ਨੇ ਮੈਂਨੂੰ ਬਦਰ ਵਿੱਚ ਸ਼ਾਮਲ ਨਹੀਂ ਹੋਣ ਦਿਤੱਾ ਸੀ । ਉਹਦ ਦਾ ਮੌਕਾ ਆਇਆ ਹੈ ਤਾਂ ਮੈਂਨੂੰ ਰੋਕ ਨਹੀਂ ਸਕਦੇ ਮੈਂ ਅਵਸ਼ ਜਾਵਾਂਗਾ ਅਤੇ ਉਹਦ ਵਿੱਚ ਸ਼ਾਮਲ ਹੋਵਾਂਗਾ । ਸੋ, ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਅਰਜ਼ ਕੀਤੀ ਕਿ ਮੇਰੇ ਪੁਤੱਰ ਇਸ ਵਾਰ ਫਿਰ ਮੈਂਨੂੰ ਜਿਹਾਦ ਤੋਂ ਰੋਕਣਾ ਚਾਹੁੰਦੇ ਹਨ । ਮੈਂ ਆਪ ਨਾਲ ਜਿਹਾਦ ਵਿੱਚ ਸ਼ਾਮਲ ਹੋਣਾ ਚਾਹੁੰਦਾ ਹਾਂ । ਰੱਬ ਦੀ ਸਹੁੰ ! ਮੈਂ ਆਸ਼ਾ ਰਖੱਦਾ ਹਾਂ ਕਿ ਰੱਬ ਮੇਰੀ ਦਿਲੀ ਮੁਰਾਦ ਕੁਬੂਲ ਕਰੇਗਾ ਅਤੇ ਮੈਂਨੂੰ ਸ਼ਹੀਦੀ ਪ੍ਰਦਾਨ ਕਰੇਗਾ ਅਤੇ ਮੈਂ ਆਪਣੇ ਇਸ ਲੰਗੜੇ ਪੈਰ੍ਹਾਂ ਨਾਲ ਸਵਰਗ ਵਿੱਚ ਦਾਖ਼ਲ ਹੋ ਜਾਵਾਂਗਾ ।

ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹੇ, ਉਮੱਰੋ ! ਬੇਸ਼ਕ ਰੱਬ ਨੂੰ ਆਪਦੀ ਅਪਾਹਜਤਾ ਕੁਬੂਲ ਹੈ ਅਤੇ ਜਿਹਾਦ ਆਪ ਉਪੱਰ ਫ਼ਰਜ਼ ਨਹੀਂ ਹੈ ਪਰ ਇਹਨਾਂ ਦੇ ਪੁਤੱਰਾਂ ਨੂੰ ਕਿਹਾ ਕਿ ਤੁਸੀਂ ਲੋਕ ਇਹਨਾਂ ਨੂੰ ਨੇਕ ਕੰਮ ਤੋਂ ਨ ਰੋਕੋ । ਇਹਨਾਂ ਦੀ ਦਿਲੀ ਤਮਨੱਾ ਜੇਕਰ ਇਸੇ ਵਿੱਚ ਹੈ ਤਾਂ ਫਿਰ ਇਸ ਨੂੰ ਪੂਰਾ ਕਰਨ ਦਿਓ, ਸ਼ਾਇਦ ਰੱਬ ਇਹਨਾਂ ਨੂੰ ਸ਼ਹੀਦੀ ਪ੍ਰਦਾਨ ਕਰ ਦੇਵੇ । ਇਉਂ ਹਜ਼ਰਤ ਉਮੱਰੋ ਨੇ ਆਪਣੇ ਹੱਥਿਆਰ ਲਏ ਅਤੇ ਦੁਆ ਕਰਦਿਆਂ ਹੋਇਆਂ ਉਹਦ ਦੇ ਮੈਦਾਨ ਵੱਲ ਚੱਲ ਪਏ ਕਿ :

اللھم ارزقنی شھادۃ ولا تردّنی الی اھلی خائبا

ਹੇ, ਅਲੱਾਹ ! ਮੈਂਨੂੰ ਸ਼ਹੀਦੀ ਪ੍ਰਦਾਨ ਕਰਨਾ ਅਤੇ ਮੈਂਨੂੰ ਆਪਣੇ ਘਰ ਵੱਲ ਅਸਫ਼ਲ ਤੇ ਨਿਰਾਸ਼ ਵਾਪਸ ਲੈਕੇ ਨ ਆਉਂਣਾ । ਰੱਬ ਨੇ ਵੀ ਉਹਨਾਂ ਦੀ ਦੁਆ ਪਰਵਾਨ ਕੀਤੀ ਅਤੇ ਉਹਨਾਂ ਨੂੰ ਓਥੇ ਸ਼ਹੀਦੀ ਪ੍ਰਦਾਨ ਕੀਤੀ। ਹਜ਼ਰਤ ਖ਼ਲਾਦ ਦੀ ਮਾਂ ਹਜ਼ਰਤ ਹਿੰਦ ਬਿੰਤ ਉਮੱਰੋ ਹਜ਼ਰਤ ਜਾਬਰ ਬਿਨ ਅਬਦੁਲੱਾਹ ਦੀ ਭੂਆ ਸਨ । ਉਹਦ ਦੀ ਜੰਗ ਵਿੱਚ ਹਜ਼ਰਤ ਹਿੰਦ ਨੇ ਆਪਣੇ ਪਤੀ, ਆਪਣੇ ਪੁਤੱਰ ਅਤੇ ਆਪਣੇ ਭਰਾ ਨੂੰ ਸ਼ਹੀਦੀ ਦੇ ਬਾਦ ਊਠ ਉਪੱਰ ਲੱਦਿਆ ਫਿਰ ਜੱਦ ਉਹਨਾਂ ਬਾਰੇ ਆਦੇਸ਼ ਹੋਇਆ ਤਾਂ ਉਹਨਾਂ ਨੂੰ ਵਾਪਸ ਉਹਦ ਲਿਆਂਦਾ ਗਿਆ ਅਤੇ ਉੱਥੇ ਹੀ ਉਹਦ ਵਿੱਚ ਦਫ਼ਨ ਕੀਤੇ ਗਏ ।

ਇਸ ਮੌਕੇ ਦਾ ਵਿਸਥਾਰ ਪੂਰਵਕ ਵਰਨਣ ਕਰਦਿਆਂ ਹੋਇਆਂ ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਆਇਸ਼ਾ ਉਹਦ ਦੀ ਜੰਗ ਬਾਰੇ ਖ਼ਬਰ ਲੈਂਣ ਲਈ ਮਦੀਨੇ ਦੀਆਂ ਔਰਤਾਂ ਨਾਲ ਘਰ ਤੋਂ ਬਾਹਰ ਨਿਕਲੀਆਂ ਜੱਦ ਆਪ ਹਰੱਾ ਦੇ ਸਥਾਨ ਤੱਕ ਪਹੁੰਚੀਆਂ ਤਾਂ ਆਪ ਦੀ ਮੁਲਾਕਾਤ ਹਿੰਦ ਬਿੰਤ ਉਮੱਰੋ ਨਾਲ ਹੋਈ ਜੋ ਆਪਣੇ ਊਠ ਨੂੰ ਹਿੱਕ ਰਹੀ ਸਨ । ਇਸ ਊਠ ਉਪੱਰ ਆਪ ਦੇ ਪਤੀ ਹਜ਼ਰਤ ਉਮੱਰੋ ਬਿਨ ਜਮੂਹ, ਪੁਤੱਰ ਹਜ਼ਰਤ ਖ਼ਲਾਦ ਬਿਨ ਉਮੱਰੋ ਅਤੇ ਭਰਾ ਹਜ਼ਰਤ ਅਬਦੁਲੱਾਹ ਬਿਨ ਉਮੱਰੋ ਦੀਆਂ ਲੋਥਾਂ ਸਨ । ਹਜ਼ਰਤ

ਆਇਸ਼ਾ ਨੇ ਪੁੱਛਿਆ ਕਿ ਕੀ ਤੁਹਾਨੂੰ ਕੁਝ ਖ਼ਬਰ ਹੈ ਕਿ ਤੁਸੀਂ ਪਿੱਛੇ ਲੋਕਾਂ ਨੂੰ ਕਿਸ ਅਵਸਥਾ ਵਿੱਚ ਛੱਡ ਆਈ ਹੋ । ਇਸ'ਤੇ ਹਜ਼ਰਤ ਹਿੰਦ ਨੇ ਕਿ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਠੀਕ ਠਾਕ ਹਨ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਹਰ ਔਕੜ ਸੌਖੀ ਹੈ ਜੱਦ ਆਪ ਖ਼ੈਰੀਯਤ ਨਾਲ ਹਨ ਤਾਂ ਕੋਈ ਅਜਿਹੀ ਗੱਲ ਨਹੀਂ ।

ਹਜ਼ਰਤ ਆਇਸ਼ਾ ਨੇ ਪੁੱਛਿਆ ਕਿ ਉਠ ਉਪੱਰ ਕੌਣ ਕੌਣ ਹਨ ? ਹਜ਼ਰਤ ਹਿੰਦ ਨੇ ਦੱਸਿਆ ਕਿ ਮੇਰਾ ਭਰਾ ਹੈ, ਮੇਰਾ ਪੁਤੱਰ ਖ਼ਲਾਦ ਹੈ ਅਤੇ ਮੇਰੇ ਪਤੀ ਉਮਰੋ ਬਿਨ ਜਮੂਹ ਹਨ । ਹਜ਼ਰਤ ਆਇਸ਼ਾ ਨੇ ਪੁੱਛਿਆ ਕਿ ਤੁਸੀਂ ਇਹਨਾਂ ਨੂੰ ਕਿੱਥੇ ਲੈ ਜਾ ਰਹੀ ਹੋ । ਉਹਨਾਂ ਨੇ ਅਰਜ਼ ਕੀਤੀ ਕਿ ਇਹਨਾ ਨੂੰ ਮਦੀਨੇ ਵਿੱਚ ਦਫ਼ਨ ਕਰਨ ਲਈ ਲੈ ਜਾ ਰਹੀ ਹਾਂ । ਫਿਰ ਉਹ ਆਪਣੇ ਉਠ ਨੂੰ ਹਿਕੱਣ ਲੱਗੀ ਤਾਂ ਉਹ ਉੱਥੇ ਹੀ ਧਰਤੀ'ਤੇ ਬੈਠ ਗਿਆ । ਉਹਨਾਂ ਨੇ ਉਠ ਨੂੰ ਡਾਂਟਿਆ ਤਾਂ ਉਹ ਖੜਾ ਹੋ ਗਿਆ, ਪਰ ਜੱਦ ਉਹਨਾਂ ਨੇ ਉਸ ਦਾ ਮੂੰਹ ਮਦੀਨੇ ਵੱਲ ਕੀਤਾ ਤਾਂ ਉਹ ਫਿਰ ਬੈਠ ਗਿਆ । ਫਿਰ ਜੱਦ ਉਹਨਾਂ ਦੇ ਉਸਦਾ ਮੂੰਹ ਉਹਦ ਵੱਲ ਕੀਤਾ ਤਾਂ ਉਠ ਛੇਤੀ ਛੇਤੀ ਚਲੱਣ ਲਗੱਾ । ਫਿਰ ਹਜ਼ਰਤ ਹਿੰਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਆਈ ਅਤੇ ਇਸ ਘਟਣਾ ਦੀ ਖ਼ਬਰ ਦਿੱਤੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹ ਉਠ ਨਿਯੁਕਤ ਕੀਤਾ ਗਿਆ ਹੈ । ਫਿਰ ਆਪ ਸਲਲੱਾਹੁ ਆਲੈਹਿ ਵਸਲਮ ਨੇ ਫ਼ਰਮਾਇਆ ਕਿ ਹੇ, ਹਿੰਦ ! ਉਮਰੋ ਬਿਨ ਜਮੂਹ, ਤੇਰਾ ਪੁਤੱਰ ਖ਼ਲਾਦ ਅਤੇ ਤੇਰਾ ਭਰਾਂ ਅਬਦੁਲੱਾਹ ਸਵਰਗ ਵਿੱਚ ਆਪੋ ਵਿੱਚ ਸੱਚੇ ਮਿਤੱਰ ਹਨ, ਇਸ'ਤੇ ਹਿੰਦ ਨੇ ਅਰਜ਼ ਕੀਤੀ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੇਰੇ ਲਈ ਵੀ ਦੁਆ ਕਰਰਨ ਕਿ ਰੱਬ ਮੈਨੂੰ ਵੀ ਇਹਨਾਂ ਦੀ ਨੇੜਤਾ ਵਿੱਚ ਪਹੁੰਚਾ ਦੇਵੇ ।

ਦੂਜੇ ਸਹਾਬੀ ਹਨ ਜਿੰਨ੍ਹਾ ਦਾ ਵਰਨਣ ਹੋਵੇਗਾ ਉਹ ਹਜ਼ਰਤ ਅਕਬਹ ਬਿਨ ਆਮਰ ਹਨ । ਇਹਨਾਂ ਦੀ ਮਾਂ ਦਾ ਨਾਂ ਫ਼ਕੀਹਾ ਬਿੰਤ ਸਕਨ ਸੀ ਅਤੇ ਪਿਤਾ ਆਮਰ ਬਿਨ ਨਾਬੀ ਸਨ । ਹਜ਼ਰਤ ਅਕਬਹ ਬਿਨ ਆਮਰ ਉਹਨਾ ਛੇ ਅੰਸਾਰ ਵਿੱਚੋਂ ਸਨ ਜੋ ਸਭ ਤੋਂ ਪਹਿਲਾਂ ਮੱਕੇ ਵਿੱਚ ਇਮਾਨ ਲਿਆਏ ਸਨ । ਆਪ ਬੈਅਤੇ ਅਕਬਾ ਉਲਾ ਵਿੱਚ ਵੀ ਸ਼ਾਮਲ ਹੋਏ । ਉਹਨਾ ਛੇ ਵਿਅਕਤੀਆਂ ਦੇ ਨਾਂ ਇਹ ਹਨ । ਅਬੂ ਅਮਾਮਾ ਅਸਦ ਬਿਨ ਜ਼ਰਾਰਹ ਜੋ ਬਨੂ ਨਜਾਰ ਵਿੱਚੋਂ ਸਨ ਅਤੇ ਤਸਦੀਕ ਕਰਨ ਵਿੱਚ ਸਭ ਤੋਂ ਅਵੱਲ ਸਨ । ਔਫ਼ ਬਿਨ ਹਾਰਸ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲਐਹਿ ਵਸਲਮ ਦੇ ਦਾਦਾ ਅਬਦੁਲ ਮੁਤਲਿਬ ਦੇ ਨਾਨਕਿਆਂ ਦੇ ਕਬੀਲੇ ਵਿੱਚੋਂ ਸਨ । ਰਾਫ਼ਿਅ ਬਿਨ ਮਾਲਕ ਜੋ ਬਨੂ ਜ਼ਰੀਕ ਵਿੱਚੋ ਸਨ । ਹੁਣ ਤੱਕ ਜੋ ਕੁਰਆਨ ਸ਼ਰੀਫ਼ ਨਾਜ਼ਲ ਹੋ ਚੁੱਕਿਆ ਸੀ ਉਹ ਇਸ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਨੂੰ ਪ੍ਰਦਾਨ ਕੀਤਾ । ਕਤਬਾ ਬਿਨ ਆਮਰ ਜੋ ਬਨੀ ਸਲਮਾ ਵਿੱਚੋਂ ਸਨ । ਅਕਬਹ ਬਿਨ ਆਮਰ ਜੋ ਬਨੀ ਹਰਾਮ ਵਿੱਚੋਂ ਸਨ ਅਤੇ ਜਾਬਰ ਬਿਨ ਅਬਦੁਲੱਾਹ ਬਿਨ ਰਯਾਬ ਜੋ ਬਨੀ ਉਬੈਦ ਵਿੱਚੋਂ ਸਨ । ਇਸ ਦੇ ਬਾਦ ਇਹ ਲੋਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਵਿਦਾ ਹੋਏ ਅਤੇ ਜਾਂਦਿਆਂ ਹੋਇਆਂ ਅਰਜ਼ ਕੀਤੀ ਕਿ ਸਾਨੂੰ ਖ਼ਾਨਾਜੰਗੀਆਂ ਨੇ ਬਹੁਤ ਕਮਜ਼ੋਰ ਕਰ ਰੱਖਿਆ ਹੈ । ਸਾਡੇ ਵਿੱਚ ਬਹੁਤ ਸਾਰੀਆਂ ਅਸਹਿਮਤੀਆਂ ਹਨ ਅਸੀਂ ਯਸਰਬ ਵਿੱਚ ਜਾਕੇ ਆਪਣੇ ਭਰਾਵਾਂ ਨੂੰ ਇਸਲਾਮ ਦਾ ਪ੍ਰਚਾਰ ਕਰਾਂਗੇ, ਕੀ ਖ਼ੂਬ ਕਿ ਰੱਬ ਆਪ ਰਾਹੀਂ ਸਾਨੂੰ

ਫਿਰ ਤੋਂ ਇਕਤੱਰ ਕਰ ਦੇਵੇ । ਫਿਰ ਅਸੀਂ ਹਰ ਪ੍ਰਕਾਰ ਆਪ ਦੀ ਮਦਦ ਲਈ ਤਿਆਰ ਹੋਵਾਂਗੇ । ਸੋ, ਇਹ ਲੋਕ ਗਏ ਅਤੇ ਇਸ ਸਬਬ ਯਸਰਬ ਵਿੱਚ ਇਸਲਾਮ ਦਾ ਚਰਚਾ ਹੋਣ ਲਗੱਾ ।

ਇਹ ਸਾਲ ਹਜ਼ਰਤ ਮੁਹੱਮਦ ਸਲਲਾਹੁ ਅਲੈਹਿ ਵਸਲਮ ਨੇ ਮੱਕੇ ਵਿੱਚ ਯਸਰਬ ਵਾਲਿਆਂ ਵੱਲੋਂ ਜ਼ਾਹਿਰੀ ਸਬਬਾਂ ਦੇ ਪੱਖੋਂ ਇਕ ਆਸ਼ਾ ਦੀ ਸਿਥਿਤੀ ਵਿੱਚ ਲੰਘਾਇਆ, ਆਪ ਇਹ ਵਿਚਾਰ ਕਰਿਆ ਕਰਦੇ ਸਨ ਕਿ ਦੇਖੋ ਇਹਨਾਂ ਦਾ ਕੀ ਅੰਜਾਮ ਹੁੰਦਾ ਹੈ, ਭਾਵ ਇਹ ਕਿ ਯਸਰਬ ਵਿੱਚ ਕੋਈ ਸਫ਼ਲਤਾ ਦੀ ਆਸ ਬਣਦੀ ਹੈ ਜਾਂ ਨਹੀਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾ ਦਿਨਾ ਵਿੱਚ ਮੱਕੇ ਵਾਲਿਆਂ ਦੇ ਅਤਿਆਚਾਰ ਦਿਨ ਪ੍ਰਤੀ ਦਿਨ ਵੱਧ ਰਹੇ ਸਨ ਅਤੇ ਉਹਨਾ ਨੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ ਕਿ ਇਸਲਾਮ ਨੂੰ ਮਿਟਾਉਣ ਦਾ ਬਸ ਇਹੋ ਸਮਾਂ ਹੈ, ਪਰ ਇਸ ਨਾਜ਼ੁਕ ਸਮੇਂ ਵਿੱਚ ਵੀ ਜਿਸ ਤੋਂ ਵੱਧ ਨਾਜ਼ੁਕ ਸਮਾਂ ਫਿਰ ਇਸਲਾਮ ਉਪੱਰ ਕਦੇ ਨਹੀਂ ਆਇਆ, ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਦੇ ਸਾਥੀ ਇਸ ਮਜ਼ਬੂਤ ਚਟੱਾਨ ਵਾਂਗ ਆਪਣੀ ਥਾਂ ਕਾਇਮ ਸਨ ਅਤੇ ਆਪ ਦਾ ਇਹ ਨਿਸ਼ਚਾ ਤੇ ਪੱਕਿਆਈ ਕਈ ਵਾਰ ਆਪ ਦੇ ਵਿਰੋਧੀਆਂ ਨੂੰ ਵੀ ਹੈਰਾਨੀ ਵਿੱਚ ਪਾ ਦਿੰਦਾ ਸੀ ਕਿ ਇਹ ਵਿਅਕਤੀ ਕਿਹੜੀ ਮਾਨਸਕ ਸ਼ਕਤੀ ਦਾ ਮਾਲਕ ਹੈ ਕਿ ਕੋਈ ਚੀਜ਼ ਇਸ ਨੂੰ ਆਪਣੀ ਥਾਂ ਤੋਂ ਹਿਲਾ ਨਹੀਂ ਸਕਦੀ, ਸਗੋਂ ਇਸ ਜ਼ਮਾਨੇ ਵਿੱਚ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਦੇ ਸਬਦਾਂ ਵਿੱਚ ਵਿਸ਼ੇਸ਼ ਰੂਪ ਵਿੱਚ ਇਕ ਰੁਹਬ ਤੇ ਜਲਾਲ ਦੀ ਅਵਸਥਾ ਪਾਈ ਜਾਂਦੀ ਸੀ । ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਜੱਦ ਵੀ ਗਲੱਾਂ ਕਰਦੇ ਸਨ ਤਾਂ ਬਹੁਤ ਹੀ ਰੁਹਬ ਤੇ ਜਲਾਲ ਹੁੰਦਾ ਸੀ ਆਪ ਦੀਆਂ ਗਲੱਾਂ ਵਿੱਚ ਅਤੇ ਔਕੁੜਾਂ ਦੇ ਇਸ ਤਿੱਖੇ ਝਖੱੜਾਂ ਵਿੱਚ ਆਪ ਦਾ ਸਿਰ ਹੋਰ ਉਚੱਾ ਹੁੰਦਾ ਜਾਂਦਾ ਸੀ । ਇਹ ਨਜ਼ਾਰਾ ਇਕ ਪਾਸੇ ਮੱਕੇ ਦੇ ਕੁਰੈਸ਼ਾਂ ਨੂੰ ਹੈਰਾਨ ਕਰਦਾ ਸੀ ਤਾਂ ਦੂਜੇ ਪਾਸੇ ਉਹਨਾਂ ਦੇ ਦਿਲਾਂ ਵਿੱਚ ਡਰ ਵੀ ਪਾ ਦਿੰਦਾ ਸੀ । ਇਹਨਾਂ ਦਿਨਾਂ ਬਾਰੇ ਸਰ ਵਿਲੀਯਮ ਮਿਓਰ ਨੇ ਵੀ ਲਿੱਖਿਆ ਹੈ ਕਿ :

ਇਹਨਾਂ ਦਿਨਾਂ ਵਿੱਚ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਆਪਣੀ ਕੌਮ ਦੇ ਸਾਹਮਣੇ ਇਸ ਪ੍ਰਕਾਰ ਸੀਨਾ ਤਾਣੇ ਸਨ ਕਿ ਉਹਨਾਂ ਨੂੰ ਕਈ ਵਾਰ ਹਿਲੱਣ ਦੀ ਸ਼ਕਤੀ ਨਹੀਂ ਹੁੰਦੀ ਸੀ । ਅਖ਼ੀਰ ਆਪਣੀ ਫ਼ਤਹਿ ਦੇ ਵਿਸ਼ਵਾਸ ਨਾਲ ਭਰਪੂਰ ਪਰੰਤੂ ਦੇਖਣ ਨੂੰ ਬੇਬਸ, ਬੇਸਹਾਰਾ ਤੇ ਲਾਚਾਰ ਉਹ ਅਤੇ ਉਸਦਾ ਛੋਟਾ ਜਿਹਾ ਦਲ, ਉਹ ਇਸ ਜ਼ਮਾਨੇ ਵਿੱਚ ਸੰਭਵਤਾ ਇਕ ਸ਼ੇਰ ਦੇ ਮੂੰਹ ਵਿੱਚ ਸਨ । ਪਰ ਉਸ ਰੱਬ ਦੀ ਮਦਦ ਦੇ ਵਾਦਿਆਂ ਉਪੱਰ ਪੂਰਨ ਵਿਸ਼ਵਾਸ ਰੱਖਦਿਆਂ ਹੋਇਆਂ ਸਨ ਜਿਸਨੇ ਉਸ ਨੂੰ ਰਸੂਲ ਬਣਾਕੇ ਭੇਜਿਆ ਸੀ । ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਕ ਅਜਿਹੇ ਨਿਸ਼ਚੇ ਨਾਲ ਆਪਣੀ ਥਾਂ'ਤੇ ਖੜੇ ਸਨ ਕਿ ਜਿਸਨੂੰ ਕੋਈ ਚੀਜ਼ ਆਪਣੀ ਥਾਂ ਤੋਂ ਹਿਲਾ ਨਹੀਂ ਸਕਦੀ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਹਿਰਹਾਲ ਇਸਲਾਮ ਲਈ ਬਹੁਤ ਹੀ ਨਾਜ਼ੁਕ ਸਮਾਂ ਸੀ । ਮੱਕੇ ਵਾਲਿਆਂ ਵੱਲੋਂ ਇਕ ਨਿਰਾਸ਼ਾ, ਪੂਰਨ ਰੂਪ ਵਿੱਚ ਹੋ ਚੁੱਕੀ ਸੀ ਪਰ ਮਦੀਨੇ ਵਾਲਿਆਂ ਵੱਲੋਂ ਇਕ ਕਿਰਨ ਪੈਦਾ ਹੋ ਰਹੀ ਸੀ । ਇਹ ਜੋ ਬੈਅਤ ਕਰਕੇ ਗਏ ਸਨ ਇਹਨਾ ਦੇ ਕਰਕੇ ਵੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਬਹੁਤ ਤਵੱਜੁਹ ਨਾਲ ਇਸ ਵੱਲ ਨਜ਼ਰ ਲਾਈ ਹੋਏ ਸਨ ਕਿ ਸੰਭਵਤਾ ਮਦੀਨਾ ਵੀ ਮੱਕੇ ਤੇ ਤਾਇਫ਼ ਵਾਂਗ ਆਪ ਨੂੰ ਰੱਦ ਕਰਦਾ ਹੈ ਜਾਂ ਇਸ ਦਾ ਸੁਭਾਗ ਹੋਰ ਢੰਗ ਨਾਲ ਲਿੱਖਿਆ ਗਿਆ ਹੈ । ਸੋ, ਜੱਦ ਹੱਜ ਦਾ

ਮੌਕਾ ਆਇਆ ਤਾਂ ਆਪ ਬਹੁਤ ਸ਼ੌਕ ਨਾਲ ਆਪਣੇ ਘਰ ਵਿੱਚੋਂ ਨਿਕਲੇ ਅਤੇ ਮਨਾ ਵੱਲ ਅਕਬਹ ਦੇ ਕੋਲ ਪਹੁੰਚਕੇ ਇਧੱਰ ਉਧੱਰ ਨਿਗਾਹ ਮਾਰੀ ਤਾਂ ਆਪ ਦੀ ਨਜ਼ਰ ਅਚਨਚੇਤ ਯਸਰਬ ਦੇ ਰਹਿਣ ਵਾਲਿਆਂ ਦੀ ਇਕ ਛੋਟੇ ਜਿਹੇ ਦਲ ਉਪੱਰ ਪਈ ਜਿੰਨ੍ਹਾ ਨੂੰ ਦੇਖਕੇ ਝੱਟ ਪਛਾਣ ਲਿਆ ਅਤੇ ਅਤਿਅੰਤ ਪ੍ਰੇਮ ਤੇ ਵਿਨਮ੍ਰਤਾ ਨਾਲ ਅੱਗੇ ਵਧੱਕੇ ਆਪ ਨੂੰ ਮਿਲੇ । ਇਸ ਵਾਰ ਇਹ ਬਾਰ੍ਹਾਂ ਵਿਅਕਤੀ ਸਨ ਜਿਨ੍ਹਾਂ ਵਿੱਚੋਂ ਪੰਜ ਤਾਂ ਉਹੋ ਬੀਤੇ ਸਾਲ ਦੇ ਸੱਚਿਆਰ ਸਨ ਅਤੇ ਸੱਤ ਨਵੇਂ ਸਨ ਅਤੇ ਓਸ ਤੇ ਖ਼ਜ਼ਰਜ ਦੋਹਾਂ ਕਬੀਲਿਆਂ ਵਿੱਚੋਂ ਸਨ । ਹਜ਼ਰਤ ਅਕਬਹ ਬਿਨ ਆਮਰ ਵੀ ਇਸ ਬੈਅਤ ਵਿੱਚ ਸ਼ਾਮਲ ਸਨ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਲੋਕਾਂ ਤੋਂ ਅੱਡ ਹੋਕੇ ਇਕ ਘਾਟੀ ਵਿੱਚ ਇਹਨਾਂ ਲੋਕਾਂ ਨੂੰ ਮਿਲੇ ਸਨ । ਇਹਨਾਂ ਲੋਕਾਂ ਨੇ ਯਸਰਬ ਦੀ ਅਵਸਥਾ ਬਾਰੇ ਸੂਚਨਾ ਦਿੱਤੀ ਅਤੇ ਹੁਣ ਦੀ ਵਾਰੀ ਸਾਰਿਆਂ ਨੇ ਬਕਾਇਦਾ ਆਪਦੇ ਹਥੱਾਂ'ਤੇ ਬੈਅਤ ਕੀਤੀ, ਇਹ ਬੈਅਤ ਮਦੀਨੇ ਵਿੱਚ ਇਸਲਾਮ ਦੀ ਸਥਾਪਨਾ ਦਾ ਮੁਢੱਲਾ ਨੀਂਹ ਪਥੱਰ ਹੈ । ਬੈਅਤ ਦੇ ਬਾਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਤੁਸੀਂ ਸਚੱਾਈ ਤੇ ਪੱਕੇ ਪੈਰ੍ਹੀਂ ਇਸ ਪ੍ਰਣ ਉਪੱਰ ਕਾਇਮ ਰਹੇ ਤਾਂ ਤੁਹਾਨੂੰ ਸਵਰਗ ਪ੍ਰਾਪਤ ਹੋਵੇਗਾ ਅਤੇ ਜੇਕਰ ਕਮਜ਼ੋਰੀ ਦਿਖਾਈ ਤਾਂ ਫਿਰ ਤੁਹਾਡਾ ਮਾਮਲਾ ਰੱਬ ਨਾਲ ਹੈ ਉਹ ਜਿਵੇਂ ਚਾਹੇਗਾ ਕਰੇਗਾ ।

ਇਹ ਬੈਅਤ ਇਤਿਹਾਸ ਵਿੱਚ ਬੈਅਤੇ ਉਕਬਾ ਉਲਾ ਦੇ ਨਾਂ ਨਾਲ ਪ੍ਰਸਿੱਧ ਹੈ ਕਿਉਂਕਿ ਉਹ ਥਾਂ ਜਿੱਥੇ ਇਹ ਬੈਅਤ ਲਈ ਗਈ ਸੀ 'ਅਕਬਹ' ਅਖਵਾਉਂਦੀ ਹੈ ਜੋ ਮੱਕੇ ਤੇ ਮਨਾ ਵਿੱਚਕਾਰ ਵਾਕਿਆ ਹੈ । ਅਕਬਹ ਦੇ ਸ਼ਾਬਦਕ ਅਰਥ ਬੁਲੰਦ ਪਹਾੜੀ ਮਾਰਗ ਹਨ । ਮੱਕੇ ਤੋਂ ਚਲਦਿਆਂ ਹੋਇਆਂ ਇਹਨਾ ਬਾਰ੍ਹਾਂ ਨਵੇਂ ਮੁਸਲਮਾਨਾ ਨੇ ਬਿਨਤੀ ਕੀਤੀ ਕਿ ਕੋਈ ਇਸਲਾਮੀ ਮੁਅਲੱਮ (ਸਿੱਖਿਅਕ) ਸਾਡੇ ਨਾਲ ਭੇਜਿਆ ਜਾਏ ਜੋ ਸਾਨੂੰ ਇਸਲਾਮ ਦੀ ਸਿੱਖਿਆ ਦੇਵੇ ਅਤੇ ਸਾਡੇ ਮੁਸ਼ਰਕ ਭਰਾਵਾਂ ਨੂੰ ਇਸਲਾਮ ਦਾ ਪ੍ਰਚਾਰ ਕਰੇ । ਆਪ ਸਲਲੱਾਹੁ ਅਲੈਹਿ ਵਸਲਮ ਨੇ ਮਾਸਬ ਬਿਨ ਉਮੈਰ ਨੂੰ ਜੋ ਕਬੀਲਾ ਅਬਦੁਦੱਾਰ ਹੈ ਇਕ ਅਤਿਅੰਤ ਨੇਕ ਨੌਜੁਆਨ ਸਨ ਉਹਨਾ ਨਾਲ ਰਵਾਨਾ ਕਰ ਦਿਤੱਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬੈਅਤੇ ਉਕਬਹ ਸਾਨੀਆ 13 ਨਬਵੀ ਵਿੱਚ ਹੋਈ ਸੀ ਅਤੇ ਇਸ ਵਿੱਚ ਸਤੱਰ ਅੰਸਾਰ ਨੇ ਬੈਅਤ ਕੀਤੀ ਸੀ । ਹਜ਼ਰਤ ਉਕਬਹ ਬਿਨ ਆਮਰ ਨੇ ਬਦਰ, ਉਹਦ ਅਤੇ ਖ਼ੰਦਕ ਸਣੇ ਸਾਰੀਆਂ ਜੰਗਾਂ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਭਾਗ ਲਿਆ । ਆਪ ਉਹਦ ਦੀ ਜੰਗ ਵਾਲੇ ਦਿਨ ਫ਼ੌਜ ਵਿੱਚ ਹਰੇ ਰੰਗ ਦੇ ਵਸਤਰਾਂ ਕਰਕੇ ਹਰ ਥਾਂ ਪਛਾਣੇ ਜਾ ਰਹੇ ਸਨ । ਆਪ ਹਜ਼ਰਤ ਅਬੂਬਕਰ ਦੇ ਕਾਲ ਵਿੱਚ ਬਾਰ੍ਹਾਂ ਹਿਜਰੀ ਵਿੱਚ ਯਮਾਮਾ ਵਿੱਚ ਸ਼ਹੀਦ ਹੋਏ ।

ਹਜ਼ਰਤ ਉਕਬਹ ਬਿਨ ਆਮਰ ਬਿਆਨ ਕਰਦੇ ਹਨ ਕਿ ਮੈਂ ਆਪਣੇ ਪੁਤੱਰ ਨੂੰ ਲੈਕੇ ਰਸੂਲੇ ਕਰੀਮ ਸਲਲਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਜੱਦ ਕਿ ਉਹ ਅਜੇ ਨੌਉਮਰ ਲੜਕਾ ਸੀ । ਮੈਂ ਅਰਜ਼ ਕੀਤੀ ਕਿ ਮੇਰੇ ਮਾਂ ਬਾਪ ਆਪ ਉਪੱਰ ਨਿਛਾਵਰ ਹੋਣ ਮੇਰੇ ਪੁਤੱਰ ਨੂੰ ਦੁਆਵਾਂ ਸਿਖਾਉਣ ਜਿੰਨ੍ਹਾ ਰਾਹੀਂ ਉਹ ਰੱਬ ਤੋਂ ਦੁਆ ਕਰਿਆ ਕਰੇ ਅਤੇ ਉਸ'ਤੇ ਮਿਹਰ ਕਰਨ । ਆਪ ਨੇ ਫ਼ਰਮਾਇਆ, ਹੇ ਲੜਕੇ ! ਕਹੋ ਕਿ :

اللھم انی اسئلك صحة فی ایمان وایمان فی حسن خلق وصلاحا یتبعه نجاة۔

ਹੇ ਅੱਲਾਹ ਮੈਂ ਇਮਾਨ ਦੀ ਅਵਸਥਾ ਵਿੱਚ ਸਿਹਤ ਮੰਗਦਾ ਹਾਂ ਅਤੇ ਇਮਾਨ ਦੇ ਨਾਲ ਚੰਗੇ ਆਚਰਣ ਦੀ ਦੁਆ ਕਰਦਾ ਹਾਂ ਅਤੇ ਸੁਧਾਰ ਦੇ ਬਾਦ ਸਫ਼ਲਤਾਵਾਂ ਚਾਹੁੰਦਾ ਹਾਂ । ਅਲੱਾਹ ਤਆਲਾ ਇਹਨਾਂ ਸਹਾਬਾ ਦੇ ਦਰਜੇ ਬੁਲੰਦ ਕਰਦਾ ਚਲਾ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਇਸਦੇ ਬਾਦ ਅਮਰੀਕਾ ਦੀ ਇਕ ਬਹੁਤ ਪੁਰਾਣੀ ਬਜ਼ੁਰਗ ਅਹਮਦੀ ਦਾ ਵਰਨਣ ਕਰਾਂਗਾ ਅਤੇ ਉਹਨਾਂ ਦੀ ਨਮਾਜ਼ ਜਨਾਜ਼ਾਹ ਵੀ ਪੜ੍ਹਾਵਾਂਗਾ । ਉਹਨਾਂ ਦਾ ਨਾਂ ਸਿਸਟਰ ਆਲੀਆ ਸ਼ਹੀਦ ਸਾਹਿਬਾ ਹੈ ਜੋ ਅਹਮਦ ਸ਼ਹੀਦ ਸਾਹਬ ਮਰਹੂਮ ਦੀ ਪਤਨੀ ਸਨ । 26 ਦਸੰਬਰ ਨੂੰ ਉਹਨਾ ਦੀ ਵਫ਼ਾਤ ਹੋਈ ਅਲੱਾਹ ਤਆਲਾ ਨੇ ਉਹਨਾਂ ਨੂੰ ਬਹੁਤ ਲੰਮੀ ਉਮਰ ਪ੍ਰਦਾਨ ਕੀਤੀ ਅਤੇ ਕੰਮ ਕਰਨ ਦਾ ਮੌਕਾ ਪ੍ਰਦਾਨ ਕੀਤਾ ਅਤੇ ਅਪਾਹਜਤਾ ਤੋਂ ਵੀ ਬਚਾਇਆ । 105 ਸਾਲ ਦੀ ਉਮਰ ਸੀ ਇਹਨਾਂ ਦੀ । ਰੱਬ ਇਹਨਾਂ ਦੇ ਦਰਜੇ ਬੁਲੰਦ ਕਰੇ । اناللهواناالیہراجعون۔

ਅਮੀਰ ਸਾਹਬ ਅਮਰੀਕਾ ਨੇ ਇਹਨਾ ਬਾਰੇ ਲਿੱਖਿਆ ਹੈ ਕਿ ਇਹਨਾ ਨੂੰ 1936 ਈ. ਵਿੱਚ ਬੈਅਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਆਪ ਨੇ 1963 ਈ. ਤੋਂ 1966 ਈ. ਤੱਕ ਸਦਰ ਲਜਨਾ ਦੇ ਰੂਪ ਵਿੱਚ ਸੇਵਾ ਪ੍ਰਦਾਨ ਕੀਤੀ । ਇਸੇ ਪ੍ਰਕਾਰ ਮਰਹੂਮਾ ਨੂੰ ਲਜਨਾ ਇਮਾਇਲੱਾਹ ਅਮਰੀਕਾ ਵਿੱਚ ਪੰਜਾਹ ਵਰ੍ਹਿਆਂ'ਤੇ ਫੈਲਿਆ ਇਕ ਲੰਮਾ ਸਮਾਂ ਬਤੌਰ ਜਨਰਲ ਸੈਕ੍ਰੇਟਰੀ, ਸੈਕ੍ਰੇਟਰੀ ਮਾਲ, ਸੈਕ੍ਰੇਟਰੀ ਤਾਲੀਮ, ਸੈਕ੍ਰੇਟਰੀ ਖ਼ਿਦਮਤੇ ਖ਼ਲਕ ਅਤੇ ਲੋਕਲ ਸਦਰ ਲਜਨਾ ਇਮਾਇਲੱਾਹ ਸੇਵਾ ਕਰਨ ਦਾ ਮੌਕਾ ਮਿਲਿਆ । ਹਮੇਸ਼ਾ ਜਮਾਤ ਅਤੇ ਖ਼ਿਲਾਫ਼ਤ ਨਾਲ ਡੂੰਘਾ ਸੰਬੰਧ ਰੱਖਿਆ ਅਤੇ ਹਰ ਪ੍ਰੇਕਾਰ ਦੀ ਕੁਰਬਾਨੀ ਲਈ ਹਰ ਸਮੇਂ ਤਿਆਰ ਰਹਿੰਦੀ ਸਨ ਬਹੁਤ ਵਿਨਮ੍ਰ ਅਤੇ ਪ੍ਰੇਮ ਕਰਨ ਵਾਲੀ ਇਸਤਰੀ ਸਨ । ਅਲੱਾਹ ਤਆਲਾ ਇਹਨਾਂ ਦੇ ਦਰਜੇ ਬੁਲੰਦ ਕਰੇ ਅਤੇ ਇਹਨਾਂ ਦੀ ਨਸਲ ਵਿੱਚ ਵੀ ਧਰਮ ਦੀ ਸੇਵਾ ਦੀ ਉਹ ਆਤਮਾ ਪਾਏ ਜੋ ਇਹਨਾਂ ਵਿੱਚ ਸੀ ।

**Khulasa Khutba Jumma 11.01.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131